ਸਮਾਂ : 3 ਘੰਟੇ ਪੰਜਾਬੀ (ਲਾਜ਼ਮੀ) ਕੁਲ ਅੰਕ:80

ਨਮੂਨਾ ਪ੍ਰਸ਼ਨ-ਪੱਤਰ ਜਮਾਤ- ਗਿਆਰ੍ਹਵੀਂ(ਸਾਰੇ ਗਰੁੱਪ)

1 **ਸੁੰਦਰ ਲਿਖਾਈ** 05

2 **ਵਸਤੂਨਿਸ਼ਠ ਪ੍ਰਸ਼ਨ :-**

* **ਹੇਠ ਲਿਖੇ ਪ੍ਰਸ਼ਨਾਂ ਦੇ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ-** 5x2=10

ੳ 'ਹਰਿਆ ਨੀ ਮਾਲਣ' ਘੋੜੀ ਵਿੱਚ ਭਾਗਾਂ ਭਰਿਆ ਕਿਸ ਨੂੰ ਕਿਹਾ ਗਿਆ ਹੈ ?

ਅ 'ਨੀਲ ਕਮਲ' ਕਹਾਣੀ ਦੇ ਦੋ ਮੁੱਖ ਪਾਤਰ ਕਿਹੜੇ ਹਨ?

ੲ ਕਿਹੜੇ ਲੋਕ-ਗੀਤ ਨੂੰ ਇਕਹਿਰੀ ਤੁਕ ਵਾਲ਼ਾ ਲੋਕ-ਗੀਤ ਕਿਹਾ ਜਾਂਦਾ ਹੈ ?

ਸ 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕਿਸ ਗੱਲ ਲਈ ਤਰਲਾ ਕਰ ਰਹੀ ਹੈ?

ਹ Account ਸ਼ਬਦ ਦਾ ਪੰਜਾਬੀ ਰੂਪ ਲਿਖੋ ।

* **ਹੇਠ ਲਿਖੇ ਪ੍ਰਸ਼ਨਾਂ ਦੀਆਂ ਖ਼ਾਲੀ ਥਾਵਾਂ ਭਰੋ -** 5x2=10

ਕ 'ਲਾਲਸਾ ਦੀ ਚੱਕੀ' ਕਥਾ ਵਿੱਚ ਬੁੱਢੇ ਨੇ ਬੰਦੇ ਨੂੰ...................ਦੇ ਕੰਮ ਲਾ ਦਿੱਤਾ।

ਖ ਕਿਤੇ ਲਿੱਪਣੇ ਨਾ ਪੈਣ ਬਨੇਰੇ,

............................ ( ਟੱਪਾ ਪੂਰਾ ਕਰੋ )

ਗ Glaxy ਸ਼ਬਦ ਦਾ ਪੰਜਾਬੀ ਰੂਪ............... ਹੈ।

ਘ .........ਕਰੋ, ਨਾਮ ਜਪੋ , ਵੰਡ ਛਕੋ।(ਸਤਰ ਪੂਰੀ ਕਰੋ)

ਙ ਅਸਮਾਨ ਨੂੰ............... ।(ਮੁਹਾਵਰੇ ਨੂੰ ਪੂਰਾ ਕਰੋ )

* **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਜਾਂ ਗ਼ਲਤ ਦੀ ਚੋਣ ਕਰੋ -** 5x2=10

ਚ ਵਿਆਹ ਦੇ ਦਿਨਾਂ ਵਿਚ ਮੁੰਡੇ ਦੇ ਘਰ ਇਸਤਰੀਆਂ ਵਲੋਂ ਗਾਏ ਜਾਂਦੇ ਗੀਤ ਸੁਹਾਗ ਕਹਾਉਂਦੇ ਹਨ।(ਸਹੀ / ਗ਼ਲਤ)

ਛ Democracy ਸ਼ਬਦ ਦਾ ਸੰਬੰਧ ਰਾਜਨੀਤੀ ਸ਼ਾਸਤਰ ਨਾਲ਼ ਹੈ। (ਸਹੀ / ਗ਼ਲਤ)

ਜ 'ਲਾਲਸਾ ਦੀ ਚੱਕੀ' ਕਥਾ ਵਿੱਚ ਬੰਦੇ ਦਾ ਸੁਭਾਅ ਹੱਸਮੁੱਖ ਸੀ। (ਸਹੀ / ਗ਼ਲਤ)

ਝ ਊਠ ਦੇ ਮੂੰਹ ਪਾਣੀ ਦੇਣਾ ।(ਮੁਹਾਵਰੇ ਦੀ ਬਣਤਰ ਸਹੀ ਹੈ ਜਾਂ ਗ਼ਲਤ )

ਞ 'ਲੰਮੀਆ ਬੋਲੀਆਂ' ਸਮੂਹਿਕ ਰੂਪ ਵਿੱਚ ਗਾਇਆ ਜਾਣ ਵਾਲ਼ਾ ਲੋਕ-ਕਾਵਿ ਹੈ।(ਸਹੀ / ਗ਼ਲਤ )

* **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਸਹੀ ਉੱਤਰ ਦੀ ਚੋਣ ਕਰੋ -** 5x2=10

ਟ 'ਸੱਠੀ ਦੇ ਚੌਲ਼ ਖਵਾਉਣੇ' ਮੁਹਾਵਰੇ ਦਾ ਸਹੀ ਅਰਥ ਕਿਹੜਾ ਹੈ ?

1. ਪਰਖਣਾ 2. ਝਾੜ-ਝੰਬ ਕਰਨੀ 3.ਮਾਰਨਾ 4. ਰਗੜਨਾ

ਠ ਸ਼ਬਜ਼-ਪਰੀ ' ਲੋਕ-ਕਥਾ ਕਿਹੜੀ ਵੰਨਗੀ ਦੀ ਕਥਾ ਹੈ ?

1. ਮਿੱਥ-ਕਥਾ 2. ਪਰੀ-ਕਥਾ 3. ਨੀਤੀ-ਕਥਾ 4. ਪ੍ਰੀਤ-ਕਥਾ

ਡ 'ਤਾਰਾਂ-ਤਾਰਾਂ-ਤਾਰਾਂ ' ਬੋਲੀ ਵਿੱਚ ਮੁਟਿਆਰ ਨੂੰ ਗਾਲ਼ਾਂ ਕਿਸ ਨੇ ਕੱਢੀਆਂ ?

1. ਜੇਠ ਨੇ 2. ਦਿਉਰ ਨੇ 3. ਜਠਾਣੀ ਨੇ 4. ਕੋਈ ਵੀ ਨਹੀਂ

ਢ Automatic ਸ਼ਬਦ ਦਾ ਸਹੀ ਅਰਥ ਹੈ-

1. ਸਵੈਜੀਵਨੀ 2.ਸਵੈਚਾਲਿਤ 3. ਸੰਪਤੀ 4. ਸਮਝੋਤਾ

ਣ ਸ਼ਬਦਾ ਦੇ ਅਰਥ ਜਾਨਣ ਲਈ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ ?

1. ਅਖ਼ਬਾਰ 2. ਮੈਗਜ਼ੀਨ 3.ਡਿਕਸ਼ਨਰੀ 4. ਕਿਤਾਬ

3 **ਕਿਸੇ ਦੋ ਪ੍ਰਸ਼ਨਾਂ ਦੇ ਉਤਰ ਦਿਉ ?**

ੳ ਤੁਹਾਡੀ ਪਾਠ-ਪੁਸਤਕ ਵਿੱਚ ਦਿੱਤੇ ਕਿਹੜੇ-ਕਿਹੜੇ ਮਾਹੀਏ ਵਿਚ 'ਪਰਦੇਸੀ' ਸ਼ਬਦ ਆਇਆ ਹੈ? ਆਪਣੇ ਆਪ ਨੂੰ ਪਰਦੇਸੀ ਦੱਸ ਕੇ ਵਕਤਾ ਕੀ ਭਾਵ ਪ੍ਰਗਟ ਕਰਨਾ ਚਾਹੁੰਦਾ ਹੈ ?

ਅ 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜੰਮਣ 'ਤੇ ਕੀਹਨੂੰ-ਕੀਹਨੂੰ ਕਿਹੜੇ-ਕਿਹੜੇ ਤੋਹਫ਼ੇ ਦਿੱਤੇ ਗਏ?

ੲ 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿਚ ਬਾਬਲ ਤੇ ਧੀ ਵਲੋਂ ਕੀਤੀ ਵਾਰਤਾਲਾਪ ਨੂੰ ਵਾਰਤਕ ਵਿਚ ਲਿਖੋ ?

ਸ ਸਿੱਠਣੀਆਂ ਵਿੱਚ ਖਾਣ-ਪੀਣ ਸੰਬੰਧੀ ਕੀ ਮਖ਼ੌਲ ਕੀਤਾ ਹੁੰਦਾ ਹੈ? ਅਜਿਹੀ ਕਿਸੇ ਇੱਕ ਸਿੱਠਣੀ ਦੀ ਉਦਾਹਰਨ

ਦਿਓ? 4+4=8

4 **ਕਿਸੇ ਇਕ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ –**

ੳ ਨਲ ਅਤੇ ਦਮਿਅੰਤੀ ਅ. ਪੂਰਨ ਭਗਤ 6

5 'ਇਮਾਨਦਾਰੀ ਦੀ ਅਨੋਖੀ ਮਿਸਾਲ' ਬਾਰੇ **ਜਾਂ**

'ਪਿੰਡਾਂ ਅਤੇ ਸ਼ਹਿਰਾਂ ਵਿਚ ਲਾਇਬ੍ਰੇਰੀਆਂ ਦੀ ਘਾਟ ਬਾਰੇ' ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ । 1+3+1=5

6 'ਬੇਦਖ਼ਲੀ ਨੋਟਿਸ' ਲਈ ਇਕ ਇਸ਼ਤਿਹਾਰ ਲਿਖੋ । **ਜਾਂ**

'ਧੀ ਦਾ ਜਨਮ-ਦਿਨ ਮਨਾਉਣ ਲਈ' ਸੱਦਾ-ਪੱਤਰ ਲਿਖੋ । 4

7 **ਕਿਸੇ ਇਕ ਵਿਸ਼ੇ ਉੱਤੇ 150 ਸ਼ਬਦਾਂ ਵਿਚ ਪੈਰ੍ਹਾ-ਰਚਨਾ ਕਰੋ –**

ੳ ਚੰਗੀ ਬੋਲ-ਚਾਲ ਅ. ਭੀੜ ੲ. ਮੀਡੀਆ 6

8 **ਕਿਸੇ ਤਿੰਨ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ –**

ਅੱਕੀਂ-ਪਲਾਹੀ ਹੱਥ ਮਾਰਨਾ, ਹਵਾ ਦੇ ਘੋੜੇ ਸਵਾਰ ਹੋਣਾ, ਜਸ ਦਾ ਟਿੱਕਾ ਲੈਣਾ,

ਗੱਚ ਭਰ ਆਉਣਾ, ਤਿਲ਼ ਧਰਨ ਨੂੰ ਥਾਂ ਨਾ ਹੋਣੀ 3x2=6

**********